ਸਭ ਹਕ ਸਦਾ ਲਈ ਪ੍ਰਕਾਸ਼ਕ ਦੇ ਅਧੀਨ ਹਨ ।

ਸ਼ਹੀਦੀ ਪ੍ਰਸੰਗ

# ਸੈਮਨ ਮੂਸਨ

G-1118

ਜਿਸ ਵਿਚ ਧਰਮੀ ਸਿੰਘ ਨੇ ਪੰਚਮ ਪਾਦਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਪ੍ਰੇਮ ਪਰਸ਼ਾਦ ਕਹਿਨਾ 'ਤੇ ਚੋਰੀ ਕਰਨਾਂ ਤੇ ਸਤਿਗੁਰੂ ਜੀ ਨੇ ਮੋਏ ਹੋਏ ਉਸ ਸਿਖ ਦੇ ਭੁਜੰਗੀ ਨੂੰ ਜ਼ਿੰਦਾ ਕਰ ਵਖੌਣਾ



ਕ੍ਰਿਤ ਕਿਵ

ਭਾਈ ਮੋਹਣ ਸਿੰਘ ਜੀ ਕਵੀਸ਼ਰ

ਕਰਤਾ:—ਦੀਪਕੌਰ ਬਿਧੀਚੰਦ—ਵਿਰਲਾਪ ਆਦਿਕ

ਪ੍ਰਕਾਸ਼ਕ—

ਭਾਈ ਗੁਰਦਿਆਲ ਸਿੰਘ ਐਂਡ ਸੰਨ

ਪੁਸਤਕਾਂ ਵਾਲਾ ਲੁਹਾਰੀ ਦਰਵਾਜ਼ਾ ਲਾਹੌਰ

੧ ਓ ਸਤਿਗੁਰਪ੍ਰਸਾਦਿ ॥

—:-o-:—

# ਅਥ ਪ੍ਰਸੰਗ ਸੰਮਨ ਮੂਸਨ ਲਿਖ੍ਯਤੇ ॥

'ਬੰਦਨਾ'

ਕਬਿੱਤ–ਮੇਹਰਾਂ ਦਿਆ ਦਾਤਿਆ ਤੂੰ ਸਾਰਿਆਂ ਨੂੰ ਦਾਨ ਦੇਵੇਂ, ਕਵਿ-ਦਾਨ ਦੇ ਇਸ 'ਚੰਦਨ' ਵਿਚਾਰੇ ਨੂੰ। ਦੁਨੀਆਂ ਦੇ ਵਿੱਚ ਕਿਸੇ ਕਾਰ ਜੋਗਾ ਕਰ ਦੇ ਤੂੰ, ਤੇਰੇ ਬਿਨਾਂ ਪੁਛਦਾ ਨ ਕੋਈ ਵੀ ਨਿਕਾਰੇ ਨੂੰ। ਮੰਨਕੇ ਅਰਜ਼ ਫੇਰ ਅਰਸ਼ਾਂ ਤੇ ਚਾੜ੍ਹਦੇ ਤੂੰ, ਮੇਰੀ ਤਕਦੀਰ ਵਾਲੇ ਡਿੱਗ ਪਏ ਸਤਾਰੇ ਨੂੰ। ਤੇਰੇ ਬਿਨਾ ਹੋਰ ਕੋਈ ਦਰਦੀ ਨ ਮਿਲੇ ਮੈਨੂੰ, ਹੋਰ ਕਿੱਥੇ ਜਾਵਾਂ ਛੱਡ ਤੇਰੇ ਮੈਂ ਦਵਾਰੇ ਨੂੰ। ਫੜ ਲੀ ਕਲਮ ਤੇਰਾ ਆਸਰਾ ਮੈਂ ਤਕ ਸਾਈਂ, ਕਰਦੇ ਤੂੰ ਜਾਰੀ ਮੇਰੇ ਖਯਾਲਾਂ ਦੇ ਫੁਹਾਰੇ ਨੂੰ। ਰਾਹ ਭੁਲ ਬਾਊਂ ਬਾਈਂ ਹੁੰਦਾ ਮੈਂ ਲਾਚਾਰ ਫਿਰਾਂ, 'ਚੰਦਨ ਤੂੰ ਰਾਹੇ ਪਾਦੇ ਇਸ ਬੇ-ਮੁਹਾਰੇ ਨੂੰ।

ਕਹਿਣਾ ਕਵੀ ਦਾ

ਬੈਂਤ–ਸੰਮਨ ਮੂਸਨ ਲਾਹੌਰ ਦੇ ਰਹਿਣ ਵਾਲੇ, ਦੋਵੇਂ ਪੁਤਲੇ ਸਿੱਦਕ ਪਿਆਰ ਦੇ ਸੀ। ਕਰਕੇ ਕ੍ਰਿਤ ਕਮਾਈ ਨ੍ਰਿਬਾਹ ਕਰਦੇ, ਰੁੱਖੀ ਸੁੱਕੀ ਖਾ ਉਮਰ ਗੁਜ਼ਾਰਦੇ ਸੀ। ਦੌਲਤ ਨਾਮ ਦੀ ਖਟਕੇ ਜੋੜਦੇ ਸੀ, ਆਸ਼ਕ ਦੋਵੇਂ ਉਹ ਅਰਜਨ ਅਵਿਤਾਰਦੇ ਸੀ। ਮਾਰ ਮਾਰ ਕੇ ਬਾਣੀ ਦੇ ਬਾਣ ਦੋਵੇਂ, ਪੰਜਾਂ ਵੈਰੀਆਂ ਨੂੰ ਨਿਸਦਿਨ ਮਾਰਦੇ ਸੀ। ਤੁਲੇ ਹੋਇ ਸੀ ਪ੍ਰੇਮ ਦੇ ਰਾਹ ਉਤੇ, ਆਪਾ ਯਾਰ ਦੇ ਵਾਸਤੇ ਵਾਰਦੇ ਸੀ। ਆਕੇ ਗੁਰੂ ਅਰਜਨ ਕਦੇ ਦੇਨ ਦਰਸ਼ਨ ਰੋਜ ਗਲ ਏਹ ਦਿਲਾਂ ਵਿੱਚ ਧਾਰਦੇ ਸੀ। ਅੱਠੇ ਪਹਿਰ ਕਰਤਾਰ ਨੂੰ ਸਿਮ੍ਰਦੇ ਸੀ, ਕਦੇ ਮਨੋ ਨ ਓਹਨੂੰ ਵਿਸਾਰਦੇ ਸੀ। 'ਚੰਦਨ' ਜਾਪਦੇ ਸੀ ਦੋਵੇਂ ਦੇਵਤੇ ਉਹ ਭਾਵੇਂ ਰਹਿਣ ਵਾਲੇ ਇਸ ਸੰਸਾਰ ਦੇ ਸੀ।

ਤਥਾ–ਲਾਹ ਕੇ ਦਿਲ ਤੋਂ ਦੂਈ ਦੀ ਮੈਲ ਓਹਨਾਂ, ਦਿਲ ਪ੍ਰੇਮ

ਦੇ ਰੰਗ ਵਿਚ ਰੰਗਿਆ ਸੀ। ਜ਼ਹਿਰ ਜਿਸ ਦਾ ਵਿਸ਼ਿਆਂ ਨੂੰ ਮਾਰਦਾ ਏ, ਐਸੇ ਨਾਗ ਨੇ ਓਹਨਾਂ ਨੂੰ ਡੰਗਿਆ ਸੀ। ਹਿਰਦਾ ਓਹਨਾਂ ਦਾ ਪਾਪਾਂ ਤੋਂ ਕੰਬਦਾ ਸੀ, ਐਪਰ ਨੇਕੀਉਂ ਕਦੇ ਨਾ ਸੰਗਿਆ ਸੀ। 'ਚੰਦਨ' ਕੱਢ ਬਦਨੀਅਤ ਨੂੰ ਦਿਲਾਂ ਵਿੱਚੋਂ ਓਹਨਾਂ ਦੋਵਾਂ ਨੇ ਛਿੱਕੇ ਤੇ ਟੰਗਿਆ ਸੀ।

### ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਆਉਣਾ

ਭਵਿ-ਸਾਗਰੋਂ ਸੰਗਤ ਨੂੰ ਤਾਰਨੇ ਲਈ, ਪੰਚਮ ਗੁਰੂ ਲਾਹੌਰ ਵਿੱਚ ਆਏ ਵੇਖੋ। ਖਿੜ ਪਏ ਉਹ ਦਿਲਾਂ ਦੇ ਕੰਵਲ ਮੁੜਕੇ, ਜੋ ਸਨ ਬਿਨਾਂ ਦੀਦਾਰ ਕੁਮਲਾਏ ਵੇਖੋ। ਹੋਈ ਓਹਨਾਂ ਦੀ ਅੱਜ ਮੁਰਾਦ ਪੂਰੀ, ਜੇਹੜੇ ਚਿਰਾਂ ਦੇ ਨੈਨ ਤਿਹਾਏ ਵੇਖੋ। ਆਵਾਗਉਨ ਦੀ ਕੈਦ 'ਚੋਂ ਨਿਕਲ ਗਏ ਉਹ, ਜਿਨ੍ਹਾਂ ਦਰਸ਼ ਆ ਗੁਰਾਂ ਦੇ ਪਾਏ ਵੇਖੋ। ਸੁੱਕੇ ਦਿਲ ਅਨੇਕ ਸਰਸਬਜ਼ ਹੋਏ, ਗੁਰਾਂ ਗਯਾਨ ਦੇ ਮੀਂਹ ਵਰ੍ਹਾਏ ਵੇਖੋ। ਰੁੜ੍ਹੇ ਜਾਂਵਦੇ ਕਲਜੁਗੀ ਨੈਂ ਅੰਦ੍ਰ ਕਈ ਗੁਰਾਂ ਨੇ ਪਾਪੀ ਬਚਾਏ ਵੇਖੋ। ਸੂਰਜ ਵਾਂਗ ਉਹ ਗੁਰਾਂ ਨੇ ਦੂਰ ਕੀਤੇ, ਜੇਹੜੇ ਧੁੰਦ ਗ਼ੁਬਾਰ ਸੀ ਛਾਏ ਵੇਖੋ। ਖਾਲੀ ਗਏ ਨਾ ਏਸ ਦ੍ਵਾਰ ਉਤੋਂ, ਸ਼ਰਧਾ ਨਾਲ ਜੋ ਚਲਕੇ ਆਏ ਵੇਖੋ। ਉਕਰ ਲਏ ਉਹ ਸੰਗਤ ਨੇ ਦਿਲਾਂ ਉੱਤੇ, ਜੋ ਜੋ ਗੁਰਾਂ ਨੇ ਬਚਨ ਅਲਾਏ ਵੇਖੋ। 'ਚੰਦਨ' ਪ੍ਰਸਕੇ ਗੁਰਾਂ ਦੇ ਚਰਨ ਦੋਵੇਂ, ਮੋਖ ਮੁਕਤ ਅਨੇਕਾਂ ਨੇ ਪਾਏ ਵੇਖੋ।

### ਸੰਗਤ ਨੇ ਸ਼ਰਧਾ ਸਹਿਤ ਗੁਰਾਂ ਦੀ ਸੇਵਾ ਕਰਨੀ

ਗੁਰਸਿੱਖ ਲਾਹੌਰ ਦੇ ਰਹਿਨ ਵਾਲੇ, ਸੇਵਾ ਗੁਰਾਂ ਦੀ ਖ਼ੂਬ ਕਮਾਉਣ ਲੱਗੇ। ਤਨ ਮਨ ਤੇ ਧਨ ਲਗਾ ਤਿੰਨੇ, ਸਫਲ ਆਪਣੇ ਜਨਮ ਬਨਾਉਣ ਲੱਗ। ਧੂੜ ਚਰਨਾਂ ਦੀ ਲਾਇਕੇ ਮਸਤਕਾਂ ਤੇ, ਜਨਮ ਜਨਮ ਦੀ ਮੈਲ ਗਵਾਉਨ ਲੱਗੇ। ਦੌੜਨ ਲੱਗ ਪਏ ਓਥੋਂ ਕਲੇਸ਼ ਸਾਰੇ, ਜਿਥੇ ਗੁਰੂ ਜੀ ਚਰਨ ਜਾ ਪਾਉਣ ਲੱਗੇ।ਵਾਰੀਰ ਇਉਂ ਗੁਰਾਂ ਨੂੰ ਸਿੱਖ ਸਾਰੇ ਨਾਲ ਪ੍ਰੇਮ ਪ੍ਰਸ਼ਾਦ ਛਕਾਉਣ ਲੱਗੇ। ਰੱਖੇ ਹੋਇ ਸੀ ਜੇਹੜੇ ਦਸਵੰਧ ਓਹਨਾਂ, ਉਹ ਸੇਵਾ ਦੇ ਉਤੇ ਲਗਾਉਣ ਲੱਗੇ। ਥਾਂ

ਥਾਂ ਉਤੇ ਘਰ ਘਰ ਅੰਦਰ, ਗੁਰੂ ਗਜਾਨ ਦੇ ਦੀਵੇ ਜਗਾਉਣਲੱਗੇ।
ਮਰਦ, ਇਸਤ੍ਰੀ, ਬਾਲਕੀਬਿਧ'ਚੰਦਨ' ਗੁਰੂਸਭਦੀਆਸਪੂਜਾਉਣਲੱਗੇ
ਸੰਮਨ ਦੇ ਦਿਲ ਵਿੱਚ ਗੁਰਾਂ ਨੂੰ ਪ੍ਰਸ਼ਾਦ ਛਕਾਉਣ ਲਈ ਚਾਹ ਉਪਜਨੀ ਤੇ ਓਹਨੇ
ਆਪਨੇ ਪੁਤ੍ਰ ਮੂਸਨ ਤੋਂ ਸਲਾਹ ਪੁਛਨੀ

**ਕਬਿੱਤ—ਸੰਗਤਾਂ ਨੂੰ ਤੱਕ ਆਖੇ ਸੰਮਨ ਏਹ ਪੁੱਤ ਤਾਈਂ,**
ਗੁਰੂ ਜੀ ਦੀ ਸੇਵਾ ਆ ਆਪਾਂ ਵੀ ਕਮਾਵੀਏ। ਪਾਪੀਆਂ ਦੇ ਤਾਰਨੇ
ਨੂੰ ਚਲ ਆਪ ਆਏ ਗੁਰੂ, ਸਮਾ ਏਹ ਅਮੋਲ ਆਪਾਂ ਹੱਥੋਂ ਨ
ਗਵਾਵੀਏ। ਘਰ ਵਿੱਚੋਂ ਅੰਨ ਧਨ ਪੁੱਤ੍ਰਾ ਖਤਮ ਹੋਏ, ਦੱਸ ਕਿਸਤ੍ਰਾਂ
ਕੰਮ ਸਿਰੇ ਏਹ ਚੜ੍ਹਾਵੀਏ। ਬੇਇਤਬਾਰਿਆਂ ਨੂੰ ਦੇਵੇ ਨ ਉਧਾਰ
ਕੋਈ, ਕਿੱਥੋਂ ਜਾਕੇ ਮੂਸਨਾ ਰੁਪੱਈਏ ਆਪਾਂ ਲਾਵੀਏ। ਸਾਰੇ ਤਰ
ਗਏ, ਪਾਪੀ ਤਰੇ ਨਹੀਂ ਅਜੇ ਆਪਾਂ, ਗੁਰੂ ਜੀ ਦੇ ਪੱਲੇ ਨੂੰ ਆ ਹੱਥ
ਆਪਾਂ ਪਾਵੀਏ। ਜਿਸਤ੍ਰਾਂ ਹੋਵੇ ਆਪਾਂ 'ਚੰਦਨ' ਗੁਰਾਂ ਦੇ ਤਾਈਂ,
ਘਰ ਵਿੱਚ ਸਦੀਏ ਤੇ ਭੋਜਨ ਛਕਾਵੀਏ। ਕਹਿਨਾ ਮੂਸਨ ਦਾ

ਕੋਰੜਾ ਛੰਦ—ਕਰੋ ਨ ਫਿਕਰ ਕੋਈ ਤੁਸੀਂ ਬਾਪ ਜੀ। ਕਰੂਗਾ ਉਹ
ਕੰਮ ਸਾਰੇ ਗੁਰੂ ਆਪ ਜੀ। ਹੋਵਨਾ ਹੈ ਸੋਈ ਜਿਵੇਂ ਗੁਰੂ ਚਾਹੂ ਗਾ
ਅਸਾਂ ਦਾ ਏਹ ਬੇੜਾ ਬੰਨੇ ਆਪ ਲਾਊਗਾ। ਓਸ ਉੱਤੇ ਰੱਖ ਕੇ
ਯਕੀਨ ਠਿਲ੍ਹ ਪਉ। ਵਾਹਿਗੁਰੂ ਉਚਾਰ ਜਾਕੇ ਸ਼ਾਹ ਨੂੰ ਮਿਲ ਪਉ॥
ਪਿਤਾ ਜੀ ਰੁਪੈ ਸਾਨੂੰ ਮਿਲ ਜਾਨਗੇ। ਆਸਾਂ ਵਾਲੇ ਬੰਦ ਫੁਲ ਖਿਲ
ਜਾਨ ਗੇ। ਆਪੇ ਉਹ ਸਵਾਲ ਸਾਡੇ ਕਰੂ ਹੱਲ ਜੀ॥ ਦਿਲ ਵਿੱਚਤੁਸੀਂ
ਨ ਲਿਆਉ ਗਲ ਜੀ। ਆਪ ਜਾਨੀ ਜਾਨ ਸੱਭ ਕੁੱਝ ਜਾਨਦਾ। ਓਸ
ਦੇ ਮਰਮ ਕੋਈ ਨ ਪਛਾਨਦਾ। ਅੱਖ ਦੇ ਉਹ ਫੋਰ ਵਿਚ ਰਚੇਜਗ ਨੂੰ।
ਚਾਹਵੇ ਤਾਂ ਰੁਲਾਵੇ ਚਿਕੜਾਂ 'ਚਿ ਨੱਗ ਨੂੰ। ਆਪੇ ਓਹ ਗ੍ਰੀਬਤੇਅਮੀਰ
ਕਰਦਾ। ਕਿਸੇ ਕਰੇ ਸਖਨਾ ਕਿਸੇ ਨੂੰ ਭਰਦਾ। ਕਰੂਗਾ ਉਹ ਪੂਰੀ ਆਪੇ
ਚਾਹ ਆਪਨੀ। ਕੁੱਝ ਕਰ ਸਕੇ ਨ ਸਲਾਹ ਆਪਨੀ॥ ਦੇਊਗਾ ਦੀਦਾਰ
ਆਪੇ ਆਸਵੰਦਾਂ ਨੂੰ। ਕੱਟ ਦੂਗਾ 'ਚੰਦਨ' ਉਹ ਕੁਲ ਫੰਦਾਂ ਨੂੰ।

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.